# ਹਸਪਤਾਲ ਅਤੇ ਕਮਿਉਨਿਟੀ ਸਿਹਤ ਸੇਵਾਵਾਂ ਲਈ ਪ੍ਰਸਤਾਵਿਤ ਭਵਿੱਖਕ ਪ੍ਰਬੰਧਾਂ ਤੇ ਜਨਤਕ ਸਲਾਹ-ਮਸ਼ਵਰਾ

## ਸਾਰ

## ਆਪਣੀ

## ਗੱਲ ਕਹੋ

**ਸਰਵੇਖਣ ਦੇ ਵੇਰਵਿਆਂ ਲਈ ਪਿੱਛਲਾ ਪੰਨਾ ਦੇਖੋ।**

**ਬੰਦ ਹੋਣ ਦੀ ਤਾਰੀਖ 21 ਜੂਨ 2016**

www.rightcaretimeplace.co.uk

**ਅਸੀਂ ਕੌਣ ਹਾਂ**

ਅਸੀਂ ਐਨਐਚਐਸ ਕੈਲਡੇਰੇਲ (NHS Calderdale) ਅਤੇ ਐਨਐਚਐਸ ਗ੍ਰੇਟਰ ਹਡਰਸਫੀਲਡ ਕਲੀਨਿਕਲ ਕਮਿਸ਼ਨਿੰਗ ਗਰੁੱਪ (ਸੀਸੀਜੀਐਸ) (NHS Greater Huddersfield Clinical Commissioning Groups (CCGs)) ਹਾਂ। ਅਸੀਂ ਸਥਾਨਕ ਸੰਸਥਾਵਾਂ ਹਾਂ ਜੋ ਤੁਹਾਡੇ ਇਲਾਕੇ ਵਿੱਚ ਸਿਹਤ ਸੇਵਾਵਾਂ ਦੀ ਯੋਜਨਾ ਬਣਾਉਂਦੇ ਅਤੇ ਖਰੀਦਦੇ ਹਨ। ਸੰਸਥਾ ਜੀਪੀ ਅਤੇ ਹੋਰ ਐਨਐਚਐਸ ਸਟਾਫ ਨਾਲ ਬਣਾਈ ਗਈ ਹੈ। ਇਕੱਠੇ ਅਸੀਂ ਉਹ ਸਿਹਤ ਸੰਭਾਲ ਸੇਵਾ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ ਜੋ ਹਰ ਇੱਕ ਲਈ ਕੰਮ ਕਰੇ, ਹੁਣ ਅਤੇ ਭਵਿੱਖ ਵਿੱਚ।

**ਸਾਨੂੰ ਦੱਸੋ ਕਿ ਤੁਸੀਂ ਕੀ ਸੋਚਦੇ ਹੋ**

ਅਸੀਂ ਜਾਣਨਾ ਚਾਹਾਂਗੇ ਕਿ ਤੁਸੀਂ ਕੈਲਡੇਰੇਲ ਅਤੇ ਹਡਰਸਫੀਲਡ ਵਿੱਚ ਹਸਪਤਾਲ ਅਤੇ ਕਮਿਊਨਿਟੀ ਸੇਵਾਵਾਂ ਵਿੱਚ ਬਦਲਾਅ ਬਾਰੇ ਸਾਡੀਆਂ ਪ੍ਰਸਤਾਵਿਤ ਯੋਜਨਾਵਾਂ ਬਾਰੇ ਕੀ ਸੋਚਦੇ ਹੋ।

ਇਹ ਕਿਤਾਬਚਾ ਤੁਹਾਨੂੰ ਉਨ੍ਹਾਂ ਪ੍ਰਸਤਾਵਿਤ ਬਦਲਾਵਾਂ ਬਾਰੇ ਦੱਸਦਾ ਹੈ ਜੋ ਅਸੀਂ ਕਰਨਾ ਚਾਹਾਂਗੇ। ਅਸੀਂ ਹਸਪਤਾਲ ਅਤੇ ਕਮਿਊਨਿਟੀ ਸਿਹਤ ਸੰਭਾਲ ਨੂੰ ਜ਼ਿਆਦਾ ਸੁਰੱਖਿਅਤ ਅਤੇ ਬਿਹਤਰ ਬਣਾਉਣ ਵਿੱਚ ਮਦਦ ਕਰਨ ਲਈ ਕਿਸੇ ਵੀ ਪ੍ਰਸਤਾਵਿਤ ਬਦਲਾਵਾਂ ਨੂੰ ਚਾਹੁੰਦੇ ਹਾਂ।

ਸਾਡੇ ਪ੍ਰਸਤਾਵਿਤ ਬਦਲਾਵਾਂ ਬਾਰੇ ਪੜ੍ਹਣ ਤੋਂ ਬਾਅਦ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਤੁਸੀਂ ਕੀ ਸੋਚਦੇ ਹੋ।

- ਕੀ ਕੋਈ ਚੀਜ਼ ਹੈ ਜੋ ਅਸੀਂ ਭੁੱਲ ਗਏ ਹਾਂ?

- ਕੋਈ ਹੋਰ ਵਿਚਾਰ ਜੋ ਤੁਹਾਡੇ ਕੋਲ ਹਨ?

ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਡਾ ਸਰਵੇਖਣ ਪੂਰਾ ਕਰਕੇ ਆਪਣੀ ਗੱਲ ਕਹੋ; ਸਾਰੇ ਵੇਰਵੇ ਪਿਛਲੇ ਪੰਨੇ ਤੇ ਦਿੱਤੇ ਹਨ।

* Hospital services for people living across these two CCG areas, at CRH and HRI, are managed by Calderdale and Huddersfield NHS Foundation Trust



## ਅਸੀਂ ਕੀ ਕਰ ਰਹੇ ਹਾਂ

ਸਾਡੇ ਹਸਪਤਾਲ ਅਤੇ ਕਮਿਊਨਿਟੀ ਸੇਵਾਵਾਂ ਨੂੰ ਬਦਲਣਾ ਬਹੁਤ ਮਹੱਤਵਪੂਰਨ ਹੈ; ਅਸੀਂ ਇਸ ਨੂੰ ਠੀਕ ਕਰਨਾ ਚਾਹੁੰਦੇ ਹਾਂ। ਅਸੀਂ ਜਾਣਨਾ ਚਾਹੁੰਦੇ ਹਾਂ ਕਿ ਤੁਸੀਂ ਪ੍ਰਦਾਨ ਕੀਤੀਆਂ ਜਾਂਦੀਆਂ ਕੁਝ ਸੇਵਾਵਾਂ ਦੇ ਤਰੀਕਿਆਂ ਨੂੰ ਬਦਲਣ ਲਈ ਸਾਡੀਆਂ ਯੋਜਨਾਵਾਂ ਬਾਰੇ ਕੀ ਸੋਚਦੇ ਹੋ।

ਪਿਛਲੇ ਕੁਝ ਸਾਲਾਂ ਲਈ ਅਸੀਂ ਸਥਾਨਕ ਲੋਕਾਂ, ਗਰੁੱਪਾਂ ਅਤੇ ਸੰਸਥਾਵਾਂ ਨੂੰ ਸੁਣਿਆ ਹੈ ਜਦੋਂ ਅਸੀਂ ਉਨ੍ਹਾਂ ਨੂੰ ਪੁੱਛਿਆ ਕਿ ਸਾਨੂੰ ਕਿਵੇਂ ਸਥਾਨਕ ਹਸਪਤਾਲ ਅਤੇ ਕਮਿਊਨਿਟੀ ਸਿਹਤ ਸੇਵਾਵਾਂ ਨੂੰ ਬਿਹਤਰ ਬਣਾਉਣਾ ਚਾਹੀਦਾ ਹੈ।

ਸਿਹਤ ਪੇਸ਼ੇਵਰਾਂ ਨੇ ਹਸਪਤਾਲ ਅਤੇ ਇਸ ਦੀਆਂ ਸੇਵਾਵਾਂ ਵਿੱਚ ਦੋ ਸੁਤੰਤਰ ਸਮੀਖਿਆਵਾਂ ਨੂੰ ਪੂਰਾ ਕੀਤਾ ਹੈ।

ਅਸੀਂ ਉਮੀਦ ਕਰਦੇ ਹਾਂ ਕਿ ਇਸ ਕਿਤਾਬਚੇ ਨੂੰ ਪੜ੍ਹਣ ਤੋਂ ਬਾਅਦ ਤੁਸੀਂ ਸਮਝੋਗੇ ਕਿ ਕਿਉਂ ਅਸੀਂ ਹਸਪਤਾਲ ਅਤੇ ਕਮਿਊਨਿਟੀ ਸੇਵਾਵਾਂ ਨੂੰ ਬਦਲਣ ਦਾ ਪ੍ਰਸਤਾਵ ਰੱਖਿਆ ਹੈ ਅਤੇ ਹੁਣ ਅਤੇ ਭਵਿੱਖ ਵਿੱਚ ਕੀ ਫਾਇਦੇ ਹੋ ਸਕਦੇ ਹਨ।

## ਇਸ ਤੋਂ ਇਲਾਵਾ ਅਸੀਂ ਕਿਸ ਬਾਰੇ ਸੋਚਿਆ ਸੀ?

ਅਸੀਂ ਦੂਸਰੇ ਵਿਕਲਪਾਂ ਤੇ ਵਿਚਾਰ ਕੀਤੇ ਬਿਨਾਂ ਆਪਣੀ ਪ੍ਰਸਤਾਵਿਤ ਯੋਜਨਾ ਤੇ ਨਹੀਂ ਆਏ। ਅਸੀਂ ਇਸ ਬਾਰੇ ਸੋਚਿਆ ਕਿ ਮਰੀਜ਼ਾਂ ਲਈ ਸਿਹਤ ਸੇਵਾਵਾਂ ਨੂੰ ਠੀਕ ਬਣਾਉਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਅਸੀਂ

ਕੀ ਕਰ ਸਕਦੇ ਹਾਂ ਕਿ ਉਹ ਭਵਿੱਖ ਲਈ ਤਿਆਰ ਸਨ।

ਅਸੀਂ 11 ਵਿਕਲਪਿਕ ਚੋਣਾਂ ਨਾਲ ਸ਼ੁਰੂ ਕੀਤਾ। ਇਨ੍ਹਾਂ ਵਿਕਲਪਾਂ ਤੇ ਜਾਂਚ ਕਰਨ ਤੋਂ ਬਾਅਦ, ਸਾਨੂੰ 5 ਮਿਲੇ ਜਿਨ੍ਹਾਂ ਬਾਰੇ ਅਸੀਂ ਹੋਰ ਵਿਸਤਾਰ ਵਿੱਚ ਵਿਚਾਰ ਕਰਨਾ ਚਾਹੁੰਦੇ ਹਾਂ। ਅਸੀਂ ਸ੍ਰੇਸ਼ਠ ਵਿਕਲਪ ਲੱਭਣ ਲਈ ਹਰ ਵਿਕਲਪ ਦੀ ਪੰਜ ਟੈਸਟ ਜਾਂ 'ਮਾਨਦੰਡ' ਵਰਤਦੇ ਹੋਏ ਜਾਂਚ ਕੀਤੀ।

ਅਗਲੇ ਪੰਨੇ ਤੇ ਅਨੁਸੂਚੀ ਦਿਖਾਉਂਦੀ ਹੈ ਕਿ ਤਿੰਨ ਵਿਕਲਪਾਂ ਦੀ ਸਾਡੀ ਛੋਟੀ ਜਿਹੀ ਸੂਚੀ ਨੇ ਮਾਨਦੰਡ ਸਾਮ੍ਹਣੇ ਕਿਵੇਂ ਸਕੋਰ ਕੀਤਾ।

| ਮਾਨਦੰਡ ਜੋ ਅਸੀਂ ਵਰਤੇ | ਇਸ ਦਾ ਕੀ ਮਤਲਬ ਹੈ | 1: ਮੌਜੂਦਾ ਸੇਵਾਵਾਂ ਵਿੱਚ ਥੋੜ੍ਹੇ ਬਦਲਾਅ ਕਰਨੇ | 2: ਕੈਲਡੇਰੇਲ ਰਾਯਲ ਹਸਪਤਾਲ (Calderdale Royal Hospital) ਵਿੱਚ ਐਮਰਜੈਂਸੀ ਕੇਂਦਰ | 3: ਹਡਰਸਫੀਲਡ ਰਾਯਲ ਇਨਫਰਮਰੀ (Huddersfield Royal Infirmary) ਵਿੱਚ ਐਮਰਜੈਂਸੀ ਕੇਂਦਰ |
|---|---|---|---|---|
| **ਸੰਭਾਲ ਦੀ ਗੁਣਵੱਤਾ** | ਇਹ ਸੰਭਾਲ ਦੇ ਵਧੀਆ ਮਿਆਰ ਨੂੰ ਪੂਰਾ ਕਰਨ ਵਿੱਚ ਮਦਦ ਕਰੇਗਾ | X | ✓ | ✓ |
| **ਸੰਭਾਲ ਤੇ ਪਹੁੰਚ** | ਮਰੀਜ਼ ਸਹੀ ਸੰਭਾਲ ਨੂੰ ਸਹੀ ਸਮੇਂ ਤੇ ਸਹੀ ਜਗ੍ਹਾ ਵਿੱਚ ਲੈਣ ਦੇ ਯੋਗ ਹੋਣਗੇ | ✓ | ✓ | ✓ |

| | | | | |
|---|---|---|---|---|
| **ਪੈਸੇ ਦੀ ਪੂਰੀ ਵਸੂਲੀ** | ਅਸੀਂ ਆਪਣੇ ਪੈਸੇ ਦੀ ਸਭ ਤੋਂ ਵਧੀਆਂ ਵਰਤੋਂ ਕਰ ਰਹੇ ਹਾਂ ਅਤੇ ਆਪਣੇ ਲਈ ਲੋੜੀਂਦੀ ਸੰਭਾਲ ਲੈ ਸਕਦੇ ਹਾਂ | X | ✓ | X |
| **ਪ੍ਰਦਾਨ ਕਰਨ ਯੋਗ ਅਤੇ ਨਿਰੰਤਰਤਾ** | ਯੋਜਨਾ ਹੁਣ ਅਤੇ ਭਵਿੱਖ ਵਿੱਚ ਕੰਮ ਕਰੇਗੀ | X | ✓ | ✓ |
| **ਹੋਰ ਕਾਰਜਨੀਤੀਆਂ ਨਾਲ ਇੱਕ_ਦੂਸਰੇ ਤੇ ਨਿਰਭਰਤਾ** | ਪ੍ਰਸਤਾਵਿਤ ਬਦਲਾਅ ਹੋਰ ਸਿਹਤ ਅਤੇ ਸਮਾਜਿਕ ਸੰਭਾਲ ਯੋਜਨਾਵਾਂ ਦੇ ਅਨੁਕੂਲ ਹਨ। | X | ✓ | ✓ |

**ਸਾਡੇ ਪ੍ਰਸਤਾਵਿਤ ਬਦਲਾਅ ਕਿਹੜੇ ਹਨ?**

ਅਸੀਂ ਇਹ ਯਕੀਨੀ ਬਣਾਉਣ ਲਈ ਹਰ ਹਸਪਤਾਲ ਵਿੱਚ ਪੈਸੇ ਨਿਵੇਸ਼ ਕਰਨਾ ਚਾਹੁੰਦੇ ਹਾਂ ਕਿ ਉਹ ਭਵਿੱਖ ਲਈ ਤਿਆਰ ਹਨ।

ਅਸੀਂ ਨਵੇਂ ਐਮਰਜੈਂਸੀ ਕੇਂਦਰ ਦਾ ਪ੍ਰਸਤਾਵ ਰੱਖ ਰਹੇ ਹਾਂ, ਜਿਸ ਵਿੱਚ ਕੈਲਡੇਰੇਲ ਵਿੱਚ, ਬੱਚਿਆਂ ਲਈ ਐਮਰਜੈਂਸੀ ਕੇਂਦਰ ਸ਼ਾਮਲ ਹੋਵੇਗਾ ਅਤੇ ਅਸੀਂ ਲਿੰਡਲੇ (Lindley), ਹਡਰਸਫੀਲਡ ਵਿੱਚ ਏਕਰ ਮਿਲਸ ਸਾਇਟ (Acre Mills) ਤੇ ਨਵਾਂ ਹਸਪਤਾਲ ਬਣਾਉਣਾ ਅਤੇ ਹਡਰਸਫੀਲਡ ਰਾਯਲ ਇਨਫਰਮਰੀ ਨੂੰ ਬੰਦ ਕਰਨਾ ਚਾਹੁੰਦੇ ਹਾਂ। ਇਹ ਹੁਣ ਪੁਰਾਣਾ ਹੋ ਗਿਆ ਹੈ ਅਤੇ ਸਟੈਂਡਰਡ ਦਾ ਬਣਾਉਣ ਲਈ ਇਸ ਤੇ ਬਹੁਤ ਜ਼ਿਆਦਾ ਕੰਮ ਕਰਨ ਦੀ ਲੋੜ ਹੈ।

ਅਸੀਂ ਨਿਮਨਲਿਖ ਤੇ ਬਦਲਾਵਾਂ ਦਾ ਪ੍ਰਸਤਾਵ ਰੱਖ ਰਹੇ ਹਾਂ:

**ਐਮਰਜੈਂਸੀ ਅਤੇ ਗੰਭੀਰ ਸੰਭਾਲ:** ਐਮਰਜੈਂਸੀ ਸੰਭਾਲ ਉਹ ਸੰਭਾਲ ਹੈ ਜੋ ਤੁਸੀਂ ਖਤਰਨਾਕ ਅਵਸਥਾਵਾਂ ਜਾਂ ਬਿਮਾਰੀਆਂ ਲਈ ਪ੍ਰਾਪਤ ਕਰਦੇ ਹੋ। ਇਹ ਮਰੀਜ਼ ਅਕਸਰ ਐਮਰਜੈਂਸੀ ਐਮਬੂਲੈਂਸ ਰਾਹੀਂ ਹਸਪਤਾਲ ਵਿੱਚ ਆਉਂਦੇ ਹਨ ਜਾਂ ਉਨ੍ਹਾਂ ਦੇ ਜੀਪੀ ਦੁਆਰਾ ਹਸਪਤਾਲ ਵਿੱਚ ਭੇਜੇ ਜਾਂਦੇ ਹਨ।

ਅਸੀਂ ਕੈਲਡੇਰੇਲ ਰਾਯਲ ਹਸਪਤਾਲ ਵਿਖੇ ਇਕਲੌਤਾ ਐਮਰਜੈਂਸੀ ਕੇਂਦਰ ਵਿਕਸਿਤ ਕਰਨ ਦਾ ਪ੍ਰਸਤਾਵ ਦਿੱਤਾ ਹੈ।

ਇਹ ਯਕੀਨੀ ਬਣਾਏਗਾ ਕਿ ਬਹੁਤ ਗੰਭੀਰ ਜਾਂ ਖਤਰਨਾਕ ਬਿਮਾਰੀ ਜਾਂ ਸੱਟ ਵਾਲੇ ਮਰੀਜ਼ ਜਾਂ ਉਹ ਜੋ ਬਹੁਤ ਬਿਮਾਰ ਹੋ ਗਏ ਹਨ ਅਤੇ ਜਿਨ੍ਹਾਂ ਨੂੰ ਹਸਪਤਾਲ ਵਿੱਚ ਐਮਰਜੈਂਸੀ ਵਿੱਚ ਜਾਣ ਦੀ ਲੋੜ ਹੈ, ਉਨ੍ਹਾਂ ਨੂੰ ਸਭ ਤੋਂ ਵਧੀਆ ਜਗ੍ਹਾ ਵਿੱਚ ਸਹੀ ਸਿਹਤ ਪੇਸ਼ੇਵਰਾਂ ਦੁਆਰਾ ਦੇਖਿਆ ਜਾਵੇ।

ਦਿਲ ਦੇ ਦੌਰੇ ਅਤੇ ਗੰਭੀਰ ਦੌਰਿਆਂ ਵਰਗੀਆਂ ਚੀਜ਼ਾਂ ਲਈ ਮਰੀਜ਼ ਅਜੇ ਵੀ ਲੀਡਸ (Leeds) ਵਰਗੇ

ਐਮਰਜੈਂਸੀ ਕੇਂਦਰਾਂ ਵਿੱਚ ਜਾਣਗੇ।

**ਅਤੀਆਵੱਸ਼ਕ ਸੰਭਾਲ (urgent care):** ਅਤੀਆਵੱਸ਼ਕ ਸੰਭਾਲ ਉਹ ਸੰਭਾਲ ਹੈ ਜੋ ਤੁਸੀਂ ਖਤਰਨਾਕ ਅਵਸਥਾਵਾਂ ਜਾਂ ਬਿਮਾਰੀਆਂ ਲਈ ਪ੍ਰਾਪਤ ਕਰਦੇ ਹੋ।

ਤੁਸੀਂ ਨਿਮਨਲਿਖਤ ਚੀਜ਼ਾਂ ਲਈ ਅਤੀਆਵੱਸ਼ਕ ਸੰਭਾਲ ਕੇਂਦਰ ਵਿੱਚ ਜਾ ਸਕਦੇ ਹੋ:

- ਟੁੱਟੀਆਂ ਹੱਡੀਆਂ
- ਮੋਚ
- ਸੜਨਾ
- ਬਿਮਾਰੀ
- ਸੰਕ੍ਰਮਨ

ਅਸੀਂ ਕੈਲਡੇਰੇਲ ਰਾਯਲ ਇਨਫਰਮਰੀ ਅਤੇ ਹਡਰਸਫੀਲਡ ਵਿਖੇ ਏਕਰ ਮਿਲ ਸਾਇਟ ਵਿੱਚ ਅਤੀਆਵੱਸ਼ਕ ਸੰਭਾਲ ਕੇਂਦਰ ਵਿਕਸਿਤ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਹ ਹਫਤੇ ਦੇ 7 ਦਿਨ, 24 ਘੰਟੇ, ਮਰੀਜ਼ਾਂ ਦੀ ਮਦਦ ਕਰਨ ਲਈ ਡਾਕਟਰਾਂ ਅਤੇ ਐਮਰਜੈਂਸੀ ਸੰਭਾਲ ਨਰਸਾਂ ਨਾਲ ਖੁਲ੍ਹਣਗੇ।

ਇਸ ਦਾ ਮਤਲਬ ਹੈ ਕਿ ਲੋਕ ਅਜੇ ਵੀ ਉਨ੍ਹਾਂ ਅਵਸਥਾਵਾਂ ਲਈ ਆਪਣੇ ਸਥਾਨਕ ਹਸਪਤਾਲਾਂ ਵਿੱਚ ਜਾਣਗੇ ਜਿਨ੍ਹਾਂ ਲਈ ਅਤੀਆਵੱਸ਼ਕ ਸੰਭਾਲ ਦੀ ਲੋੜ ਹੈ ਪਰ ਜੋ ਖਤਰਨਾਕ ਨਹੀਂ ਹਨ।

**ਜਣੇਪਾ:** ਜਣੇਪਾ ਸੇਵਾਵਾਂ ਉਸੇ ਤਰ੍ਹਾਂ ਰਹਿਣਗੀਆਂ, ਕੈਲਡੇਰੇਲ ਰਾਯਲ ਇਨਫਰਮਰੀ ਵਿਖੇ ਸਲਾਹਕਾਰ ਨਾਲ ਜਣੇਪਾ ਸੇਵਾਵਾਂ ਅਤੇ ਕੈਲਡੇਰੇਲ ਅਤੇ ਗ੍ਰੇਟਰ ਹਡਰਸਫੀਲਡ ਦੋਵਾਂ ਵਿੱਚ ਦਾਈ ਸੰਭਾਲ।

**ਪੈਡੀਏਟ੍ਰਿਕਸ (ਬੱਚਿਆਂ ਅਤੇ ਨੌਜਵਾਨਾਂ ਦੀਆਂ ਸੇਵਾਵਾਂ):** ਪ੍ਰਸਤਾਵਾਂ ਵਿੱਚ ਕੈਲਡੇਰੇਲ ਰਾਯਲ

ਇਨਫਰਮਰੀ ਵਿੱਚ ਪੈਡੀਏਟ੍ਰਿਕ ਐਮਰਜੈਂਸੀ ਕੇਂਦਰ ਸ਼ਾਮਲ ਹੈ ਤਾਂ ਜੋ ਬੱਚਿਆਂ ਲਈ ਸਾਰੀਆਂ ਮੈਡੀਕਲ ਅਤੇ ਸਰਜ਼ੀਕਲ ਸੇਵਾਵਾਂ ਇਕੋ ਜਗ੍ਹਾ ਤੇ ਹੋਣ।

**ਯੋਜਨਾਬੱਧ ਸੰਭਾਲ:** ਯੋਜਨਾਬੱਧ ਸੰਭਾਲ ਵਿੱਚ ਰੂਟੀਨ ਓਪਰੇਸ਼ਨ ਜਿਵੇਂ ਕਿ ਚੂਲਾ ਬਦਲਣਾ ਅਤੇ ਹੋਰ ਗੈਰ-ਐਮਰਜੈਂਸੀ ਪ੍ਰਕਿਰਿਆਵਾਂ ਸ਼ਾਮਲ ਹਨ।

ਅਸੀਂ ਹਡਰਸਫੀਲਡ ਰਾਯਲ ਇਨਫਰਮਰੀ ਵਿਖੇ ਏਕਰ ਮਿਲਸ ਸਾਇਟ ਤੇ ਯੋਜਨਾਬੱਧ ਸੰਭਾਲ ਲਈ ਮਰੀਜ਼ਾਂ ਵਾਸਤੇ 10 ਓਪਰੇਸ਼ਨ ਥੀਏਟਰਾਂ ਅਤੇ 120 ਬਿਸਤਰਿਆਂ ਵਾਲਾ ਨਵਾਂ ਹਸਪਤਾਲ ਬਣਾਉਣ ਦਾ ਪ੍ਰਸਤਾਵ ਰੱਖਿਆ ਹੈ। ਦੋਵੇਂ ਹਸਪਤਾਲਾਂ ਵਿੱਚ ਡੇ ਸਰਜ਼ਰੀ, ਆਊਟਪੇਸ਼ੈਂਟ ਕਲੀਨਿਕਾਂ ਅਤੇ ਚਿਕਿਤਸਾ ਸੇਵਾਵਾਂ ਫੇਰ ਵੀ ਰਹਿਣਗੀਆਂ।

ਕਿਉਂਕਿ ਐਮਰਜੈਂਸੀ ਮਾਮਲੇ ਕੈਲਡੇਰੇਲ ਵਿੱਚ ਦੇਖੇ ਜਾਣਗੇ, ਇਸ ਦੀ ਘੱਟ ਸੰਭਾਵਨਾ ਹੈ ਕਿ ਕਿਸੇ ਹੋਰ ਮਰੀਜ਼ ਦੇ ਐਮਰਜੈਂਸੀ ਇਲਾਜ ਕਾਰਨ ਤੁਹਾਡਾ ਯੋਜਨਾਬੱਧ ਓਪਰੇਸ਼ਨ ਅਖੀਰਲੇ ਮਿੰਟ ਵਿੱਚ ਰੱਦ ਜਾਂ ਸਥਗਿਤ ਹੋਵੇ।

**ਕਮਿਉਨਿਟੀ ਸੇਵਾਵਾਂ:** ਅਸੀਂ ਪਹਿਲਾਂ ਤੋਂ ਹੀ ਕੈਲਡੇਰੇਲ ਅਤੇ ਗ੍ਰੇਟਰ ਹਡਰਸਫੀਲਡ ਦੋਵਾਂ ਵਿੱਚ ਘਰੇਲੂ ਸੇਵਾਵਾਂ ਦੇ ਨਜ਼ਦੀਕ ਸੰਭਾਲ ਨੂੰ ਵਿਕਸਿਤ ਕੀਤਾ ਹੈ ਅਤੇ ਕਮਿਉਨਿਟੀ ਵਿੱਚ ਹੋਰ ਜ਼ਿਆਦਾ ਸੇਵਾਵਾਂ ਪ੍ਰਦਾਨ ਕਰਨ ਦੀ ਯੋਜਨਾ ਹੈ ਜੋ ਲੋਕਾਂ ਨੂੰ ਉਹ ਸੰਭਾਲ ਪ੍ਰਾਪਤ ਕਰਨ ਵਿੱਚ ਮਦਦ ਕਰਨ ਜੋ ਉਨ੍ਹਾਂ ਨੂੰ ਘਰ ਵਿੱਚ ਜਾਂ ਸਥਾਨਕ ਤੌਰ ਤੇ ਲੋੜੀਂਦੀ ਹੈ।

ਅਸੀਂ ਹਸਪਤਾਲ ਤੋਂ ਬਾਹਰ ਅਤੇ ਕਮਿਉਨਿਟੀ ਵਿੱਚ ਹੋਰ ਜ਼ਿਆਦਾ ਸੇਵਾਵਾਂ ਪ੍ਰਦਾਨ ਕਰਨੀਆਂ ਚਾਹੁੰਦੇ ਹਾਂ ਤਾਂ ਜੋ ਅਸੀਂ ਲੋਕਾਂ ਨੂੰ ਸੁਤੰਤਰ ਰੱਖ ਸਕੀਏ ਅਤੇ ਉਨ੍ਹਾਂ ਨੂੰ ਹਸਪਤਾਲ ਜਾਣ ਤੋਂ ਉਦੋਂ ਤਕ ਬਚਾਈਏ ਜਦੋਂ ਤਕ ਇਹ ਕੋਈ ਬਹੁਤ ਗੰਭੀਰ ਬਿਮਾਰੀ ਜਾਂ ਸੱਟ ਨਹੀਂ ਹੈ।

## ਚੀਜ਼ਾਂ ਨੂੰ ਬਦਲਣ ਦੀ ਕਿਉਂ ਲੋੜ ਹੈ

ਅਸੀਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਤਰੀਕਿਆਂ ਨੂੰ ਬਦਲਣਾ ਹੈ। ਨਾ ਬਦਲਣਾ ਕੋਈ ਵਿਕਲਪ ਨਹੀਂ ਹੈ।

## ਬਦਲ ਰਹੀ ਆਬਾਦੀ

ਸਾਡੀ ਆਬਾਦੀ ਵਧ ਰਹੀ ਹੈ ਅਤੇ ਜ਼ਿਆਦਾ ਲੋਕ ਮਧੂਮੇਹ, ਦਿਲ ਦੀਆਂ ਬਿਮਾਰੀਆਂ ਅਤੇ ਚਿਰਕਾਲੀਨ ਛਾਤੀ ਦੀਆਂ ਬਿਮਾਰੀਆਂ ਵਰਗੀਆਂ ਲੰਬੀ ਅਵਧੀ ਦੀਆਂ ਅਵਸਥਾਵਾਂ ਨਾਲ ਜ਼ਿਆਦਾ ਸਮੇਂ ਤਕ ਜਿਊਂ ਰਹੇ ਹਨ। ਸਾਨੂੰ ਲੋਕਾਂ ਨੂੰ ਸਿਹਤਮੰਦ ਰਹਿਣ ਅਤੇ ਆਪਣਾ ਧਿਆਨ ਰੱਖਣ ਦੇ ਯੋਗ ਬਣਾਉਣ ਲਈ ਅਤੇ ਉਦੋਂ ਤਕ ਹਸਪਤਾਲ ਜਾਣ ਤੋਂ ਬਿਨਾਂ ਉਨ੍ਹਾਂ ਨੂੰ ਲੋੜੀਂਦੀ ਮਦਦ ਪ੍ਰਾਪਤ ਕਰਨ ਵਿੱਚ ਸਹਾਇਤਾ ਕਰਨ ਦੀ ਲੋੜ ਹੈ ਜਦੋਂ ਤਕ ਉਨ੍ਹਾਂ ਨੂੰ ਅਸਲ ਵਿੱਚ ਲੋੜ ਨਹੀਂ ਹੈ।

## ਗੁਣਵੱਤਾ ਅਤੇ ਸੁਰੱਖਿਆ

ਸਾਡਾ ਮੁੱਖ ਧਿਆਨ ਸਭ ਤੋਂ ਵਧੀਆ ਗੁਣਵੱਤਾ ਅਤੇ ਸੁਰੱਖਿਆ ਸੇਵਾਵਾਂ ਪ੍ਰਦਾਨ ਕਰਨਾ ਹੈ ਜੋ ਅਸੀਂ ਕਰ ਸਕਦੇ ਹਾਂ।

ਮਰੀਜ਼ਾਂ ਨੇ ਕਿਹਾ ਕਿ ਉਹ ਆਪਣੇ ਇਲਾਜ ਨਾਲ ਹਮੇਸ਼ਾਂ ਖੁਸ਼ ਨਹੀਂ ਹੁੰਦੇ ਅਤੇ ਹੋਰ ਹਸਪਤਾਲਾਂ ਦੀ ਤੁਲਨਾ ਵਿੱਚ , ਬਹੁਤ ਸਾਰੇ ਮਰੀਜ਼ ਲੋੜ ਤੋਂ ਜ਼ਿਆਦਾ ਸਮੇਂ ਲਈ ਹਸਪਤਾਲ ਵਿੱਚ ਰਹਿੰਦੇ ਹਨ ਜਾਂ ਹਸਪਤਾਲ ਛੱਡਣ ਤੋਂ ਇੱਕ ਮਹੀਨੇ ਦੇ ਅੰਦਰ ਹੀ ਵਾਪਸ ਹਸਪਤਾਲ ਆਉਣਾ ਪੈਂਦਾ ਹੈ।

ਰਾਸ਼ਟਰੀ 'ਮੈਡੀਕਲ ਮਿਆਰ' ਹਨ ਜਿਨ੍ਹਾਂ ਨੂੰ ਪੇਸ਼ੇਵਰਾਂ ਨੇ ਤੈਅ ਕੀਤਾ ਹੈ, ਇਹ ਉਹ ਨਿਯਮ ਹਨ ਜਿਨ੍ਹਾਂ

ਦੀ ਹਸਪਤਾਲ ਨੂੰ ਸੇਵਾਵਾਂ ਨੂੰ ਸੁਰੱਖਿਅਤ ਰੱਖਣ ਲਈ ਪਾਲਣਾ ਕਰਨ ਦੀ ਲੋੜ ਹੁੰਦੀ ਹੈ। 'ਮਿਆਰ' ਦੱਸਦੇ ਹਨ ਕਿ ਕਾਲ ਤੇ ਕਿੰਨੇ ਡਾਕਟਰਾਂ ਦੀ ਲੋੜ ਹੁੰਦੀ ਹੈ ਜਾਂ ਇੱਕ ਸਮੇਂ ਤੇ ਇੱਕ ਨਰਸ ਕਿੰਨੇ ਮਰੀਜ਼ਾਂ ਨੂੰ ਦੇਖ ਸਕਦੀ ਹੈ, ਅਤੇ ਹੋਰ ਬਹੁਤ ਸਾਰੀਆਂ ਚੀਜ਼ਾਂ।

ਸਾਡੀਆਂ ਕੁਝ ਸੇਵਾਵਾਂ ਵਿਚੋਂ ਕੁਝ ਇਨ੍ਹਾਂ ਰਾਸ਼ਟਰੀ ਮਿਆਰਾਂ ਨੂੰ ਪੂਰਾ ਨਹੀਂ ਕਰਦੀਆਂ ਅਤੇ ਸਾਡੇ ਹਸਪਤਾਲਾਂ ਵਿੱਚ ਮਰ ਰਹੇ ਮਰੀਜ਼ਾਂ ਦੀ ਗਿਣਤੀ ਰਾਸ਼ਟਰੀ ਔਸਤ ਨਾਲੋਂ ਜ਼ਿਆਦਾ ਹੈ।

## ਸਟਾਫ ਦੀ ਕਮੀ

ਸਾਨੂੰ ਸਟਾਫ ਨੂੰ ਲੱਭਣ ਅਤੇ ਉਨ੍ਹਾਂ ਨੂੰ ਸੰਭਾਲਕੇ ਰੱਖਣ ਵਿੱਚ ਸਮੱਸਿਆਵਾਂ ਹਨ ਅਤੇ ਅਸੀਂ ਕੁਝ ਸੇਵਾਵਾਂ ਲਈ ਰਾਸ਼ਟਰੀ ਸਟਾਫਿੰਗ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਨਹੀਂ ਕਰਦੇ ਹਾਂ। ਕੁਝ ਡਾਕਟਰ ਅਤੇ ਨਰਸਾਂ ਦੋ ਜਗ੍ਹਾ ਤੇ ਕੰਮ ਨਹੀਂ ਕਰਨਾ ਚਾਹੁੰਦੀਆਂ ਅਤੇ ਸਾਨੂੰ ਅਸਥਾਈ ਸਟਾਫ ਤੇ ਵੀ ਨਿਰਭਰ ਰਹਿਣਾ ਪੈਂਦਾ ਹੈ ਜਿਸ ਕਾਰਨ ਬਹੁਤ ਸਾਰਾ ਪੈਸਾ ਖਰਚ ਹੋ ਸਕਦਾ ਹੈ।

## ਪੈਸਾ

ਇਹ ਬਦਲਾਅ ਸਿਰਫ ਪੈਸੇ ਬਾਰੇ ਨਹੀਂ ਹਨ ਪਰ ਸਾਡੇ ਵਿੱਤੀ ਹਾਲਾਤ ਬਹੁਤ ਮਾੜੇ ਹਨ ਅਤੇ ਜੇ ਅਸੀਂ ਨਹੀਂ ਬਦਲੇ ਤਾਂ ਸਾਡੇ ਕੋਲ ਸਾਡੀਆਂ ਸੇਵਾਵਾਂ ਦੇਣ ਲਈ ਪੈਸੇ ਨਹੀਂ ਹੋਣਗੇ।

ਇਸ ਦਾ ਮਤਲਬ ਹੈ ਕਿ ਅਸੀਂ ਲਗਾਤਾਰ ਸੁਰੱਖਿਅਤ, ਉੱਚ ਗੁਣਵੱਤਾ, ਅਤੇ ਨਿਰੰਤਰ ਸੰਭਾਲ ਦੇਣ ਲਈ ਜ਼ਰੂਰੀ ਸੁਧਾਰਾਂ ਨੂੰ ਸਹਿ ਸਕਣ ਦੇ ਯੋਗ ਨਹੀਂ ਹੋਵਾਂਗੇ।

ਸਾਡੇ ਪ੍ਰਸਤਾਵਿਤ ਬਦਲਾਵਾਂ ਨੂੰ ਕਰਨ ਲਈ ਸਾਨੂੰ ਸਰਕਾਰ ਤੋਂ ਬਹੁਤ ਸਾਰੇ ਪੈਸੇ ਦੀ ਲੋੜ ਹੋਵੇਗੀ, ਇਸ

ਤੋਂ ਬਿਨਾਂ ਬਦਲਾਅ ਨਹੀਂ ਹੋ ਸਕਦੇ।

**ਰਾਸ਼ਟਰੀ ਬਦਲਾਅ**

ਚੀਜ਼ਾਂ ਸਿਰਫ ਸਥਾਨਕ ਤੌਰ ਤੇ ਨਹੀਂ ਬਦਲ ਰਹੀਆਂ ਹਨ; ਇੱਕ ਨਵਾਂ ਰਾਸ਼ਟਰੀ ਦਿਸ਼ਾ-ਨਿਰਦੇਸ਼ ਹੈ ਇਸ ਲਈ ਦੇਸ਼ ਭਰ ਦੇ ਸਾਰੇ ਹਸਪਤਾਲ ਸਟਾਫ, ਉਪਕਰਨਾਂ ਅਤੇ ਸਰੋਤਾਂ ਦੀ ਸਭ ਤੋਂ ਵਧੀਆ ਵਰਤੋਂ ਕਰਨ ਲਈ ਬਦਲ ਰਹੇ ਹਨ ਜੋ ਉਨ੍ਹਾਂ ਕੋਲ ਹਨ। ਆਪਣੀਆਂ ਪ੍ਰਸਤਾਵਿਤ ਯੋਜਨਾਵਾਂ ਬਣਾਉਣ ਸਮੇਂ ਅਸੀਂ ਇਸ ਦਿਸ਼ਾ-ਨਿਰਦੇਸ਼ ਦੀ ਪਾਲਣਾ ਕੀਤੀ ਹੈ।

**ਪ੍ਰਸਤਾਵਿਤ ਭਵਿੱਖਕ ਸੇਵਾ ਪ੍ਰਬੰਧ**

**ਦੋਵਾਂ ਹਸਪਤਾਲਾਂ ਵਿਖੇ ਉਪਲਬਧ ਸੇਵਾਵਾਂ:**

- ਬੱਚਿਆਂ ਅਤੇ ਨੌਜਵਾਨਾਂ ਲਈ ਆਉਟਪੇਸ਼ੈਂਟ ਸੇਵਾਵਾਂ
- ਚਿਕਿਤਸਾਵਾਂ
- ਡੇ ਕੇਸ ਸਰਜ਼ਰੀ (Day case surgery)
- ਦਾਈ ਦੇ ਨਾਲ ਜਣੇਪਾ ਯੂਨਿਟ
- ਰੋਗ ਨਿਦਾਨ

**ਹਡਰਸਫੀਲਡ ਰਾਯਲ ਇਨਫਰਮਰੀ (Huddersfield Royal Infirmary)**

**ਅਤੀਆਵੱਸ਼ਕ ਸੰਭਾਲ ਕੇਂਦਰ, ਹਫਤੇ ਦੇ 7 ਦਿਨ 24 ਘੰਟੇ ਉਪਲਬਧ ਹੈ**

- ਸਲਾਹ ਲੈਣ ਅਤੇ ਅਪਾਇੰਟਮੈਂਟ ਲੈਣ ਲਈ ਆਓ ਜਾਂ ਐਨਐਚਐਸ 111 (NHS 111) ਤੇ ਫੋਨ ਕਰੋ
- ਡਾਕਟਰਾਂ ਅਤੇ ਐਮਰਜੈਂਸੀ ਨਰਸ ਪੇਸ਼ੇਵਰਾਂ ਵਾਲਾ ਸਟਾਫ
- ਸਾਰੇ ਮਰੀਜ਼ਾਂ ਲਈ ਹਲਕੀਆਂ ਸੱਟਾਂ ਅਤੇ ਹਲਕੀਆਂ ਬਿਮਾਰੀ ਸੇਵਾਵਾਂ (5s ਅੰਦਰ ਪੈਡੀਏਟ੍ਰਿਕ ਐਮਰਜੈਂਸੀ ਵਿਭਾਗ ਤੇ ਉਦੋਂ ਤਕ ਜਾਣ ਲਈ ਉਤਸਾਹਿਤ ਕੀਤਾ ਜਾਂਦਾ ਹੈ ਜਦੋਂ ਤਕ ਅਤੀਆਵੱਸ਼ਕ ਸੰਭਾਲ ਕੇਂਦਰ ਤੇ ਜਾਣ ਦੀ ਸਲਾਹ ਨਹੀਂ ਦਿੱਤੀ ਜਾਂਦੀ)
- ਕਈ ਤਰ੍ਹਾਂ ਦੇ ਰੋਗ-ਨਿਦਾਨ (diagnostics) ਉਪਲਬਧ ਹਨ, ਐਕਸ-ਰੇ ਅਤੇ ਖ਼ੂਨ ਦੇ ਟੈਸਟ ਸਮੇਤ
- ਵਿਸ਼ੇਸ਼ੱਗ ਸਲਾਹ ਅਤੇ ਸਹਾਇਤਾ ਲਈ ਐਮਰਜੈਂਸੀ ਕੇਂਦਰ ਨਾਲ ਸਿੱਧਾ ਲਿੰਕ
- ਮੈਡੀਕਲ ਡੇ ਕੇਸ
- ਐਂਡੋਸਕੋਪੀ – ਯੋਜਨਾਬੱਧ ਰੋਗ-ਨਿਦਾਨ ਟੈਸਟ ਲਈ

**ਯੋਜਨਾਬੱਧ ਇਨਪੇਸ਼ੈਂਟ – ਉਹ ਸਰਜ਼ਰੀ ਜਿਸ ਨੂੰ ਐਮਰਜੈਂਸੀ ਵਿੱਚ ਕਰਨ ਦੀ ਲੋੜ ਨਹੀਂ ਹੁੰਦੀ – 120 ਬਿਸਤਰੇ ਅਤੇ ਦੱਸ ਓਪਰੇਸ਼ਨ ਥੀਏਟਰ।**

**ਕੈਲਡੇਰੇਲ ਰਾਯਲ ਹਸਪਤਾਲ (Calderdale Royal Hospital)**

ਅਤੀਆਵੱਸ਼ਕ ਸੰਭਾਲ ਕੇਂਦਰ, ਹਫਤੇ ਦੇ 7 ਦਿਨ 24 ਘੰਟੇ ਉਪਲਬਧ ਹੈ

- ਸਲਾਹ ਲੈਣ ਅਤੇ ਅਪਾਇੰਟਮੈਂਟ ਲੈਣ ਲਈ ਆਓ ਜਾਂ ਐਨਐਚਐਸ 111 (NHS 111) ਤੇ ਫੋਨ ਕਰੋ
- ਡਾਕਟਰਾਂ ਅਤੇ ਐਮਰਜੈਂਸੀ ਨਰਸ ਪੇਸ਼ੇਵਰਾਂ ਵਾਲਾ ਸਟਾਫ

- ਸਾਰੇ ਮਰੀਜ਼ਾਂ ਲਈ ਹਲਕੀਆਂ ਸੱਟਾਂ ਅਤੇ ਹਲਕੀਆਂ ਬਿਮਾਰੀ ਸੇਵਾਵਾਂ (5s ਅੰਦਰ ਪੈਡੀਏਟ੍ਰਿਕ ਐਮਰਜੈਂਸੀ ਵਿਭਾਗ ਤੇ ਉਦੋਂ ਤਕ ਜਾਣ ਲਈ ਉਤਸਾਹਿਤ ਕੀਤਾ ਜਾਂਦਾ ਹੈ ਜਦੋਂ ਤਕ ਅਤੀਆਵੱਸ਼ਕ ਸੰਭਾਲ ਕੇਂਦਰ ਤੇ ਜਾਣ ਦੀ ਸਲਾਹ ਨਹੀਂ ਦਿੱਤੀ ਜਾਂਦੀ)
- ਕਈ ਤਰ੍ਹਾਂ ਦੇ ਰੋਗ-ਨਿਦਾਨ (diagnostics) ਉਪਲਬਧ ਹਨ, ਐਕਸ-ਰੇ ਅਤੇ ਖ਼ੂਨ ਦੇ ਟੈਸਟ ਸਮੇਤ
- ਵਿਸ਼ੇਸ਼ੱਗ ਸਲਾਹ ਅਤੇ ਸਹਾਇਤਾ ਲਈ ਐਮਰਜੈਂਸੀ ਕੇਂਦਰ ਨਾਲ ਸਿੱਧਾ ਲਿੰਕ

**ਐਮਰਜੈਂਸੀ ਕੇਂਦਰ:**

- ਵਿਸ਼ੇਸ਼ੱਗ ਡਾਕਟਰ, ਸਲਾਹਕਾਰ ਅਤੇ ਨਰਸਾਂ ਹਫਤੇ ਦੇ 7 ਦਿਨ 24 ਘੰਟੇ ਉਪਲਬਧ ਹਨ
- ਟਰੋਮਾ ਕੇਂਦਰ
- ਸੀਟੀ/ਐਮਆਰਆਈ ਸਕੈਨਿੰਗ ਤੇ 24 ਘੰਟੇ ਪਹੁੰਚ
- ਰੋਗ-ਨਿਦਾਨਕ ਟੈਸਟ, ਐਕਸ-ਰੇ, ਖ਼ੂਨ ਦੇ ਟੈਸਟ
- ਬੱਚਿਆਂ ਲਈ ਪੈਡੀਏਟ੍ਰਿਕ ਐਮਰਜੈਂਸੀ ਵਿਭਾਗ/ਕੇਂਦਰ

24 ਘੰਟੇ ਸਲਾਹਕਾਰ ਦੇ ਨਾਲ **ਜਣੇਪਾ** (ਪ੍ਰਸੂਤ ਵਿਦਿਆ (obstetrics))

ਇਨਪੇਸ਼ੈਂਟ **ਪੈਡੀਏਟ੍ਰਿਕਸ**

**ਗੰਭੀਰ ਐਂਡੋਸਕੋਪੀ** – ਗੰਭੀਰ ਅੰਦਰੂਨੀ ਬਲੀਡਿੰਗ (ਅੰਦਰ ਖ਼ੂਨ ਵਗਣ) ਵਾਲੇ ਮਰੀਜ਼ਾਂ ਲਈ

**ਕੋਰੋਨਰੀ ਸੰਭਾਲ ਯੂਨਿਟ**

**ਗਹਿਣ ਸੰਭਾਲ ਯੂਨਿਟ (ਆਈਸੀਯੂ)**

ਐਮਰਜੈਂਸੀ ਸਰਜ਼ਰੀ ਲਈ ਸਮਰਪਿਤ ਥੀਏਟਰ ਅਤੇ ਓਪਰੇਸ਼ਨ ਕਰਨ ਵਾਲੀ ਟੀਮ – ਬਹੁਤ ਜ਼ਿਆਦਾ

ਬਿਮਾਰ ਮਰੀਜ਼ਾਂ ਲਈ ਜਿਨ੍ਹਾਂ ਨੂੰ ਸਰਜ਼ਰੀ ਤੋਂ ਬਾਅਦ ਗਹਿਣ ਸੰਭਾਲ ਯੂਨਿਟ ਵਿੱਚ ਜਾਣ ਦੀ ਲੋੜ ਪੈ ਸਕਦੀ ਹੈ

**ਆਪਣੀ ਗੱਲ ਕਿਵੇਂ ਕਹੀਏ**

- ਸਰਵੇਖਣ ਸਥਾਨਕ ਪ੍ਰੋਗਰਾਮਾਂ ਅਤੇ ਸਥਾਨਾਂ ਵਿੱਚ ਉਪਲਬਧ ਹੋਣਗੇ ਜਿਵੇਂ ਕਿ ਤੁਹਾਡੇ ਜੀਪੀ ਪ੍ਰੈਕਟਿਸ ਅਤੇ ਕਮਿਉਨਿਟੀ ਸਥਾਨਾਂ ਤੇ
- ਸਰਵੇਖਣ ਨਿਮਨਲਿਖਤ ਤੇ ਔਨਲਾਇਨ ਵੀ ਉਪਲਬਧ ਹੈ:
  **www.rightcaretimeplace.co.uk**
- ਜੇ ਤੁਹਾਨੂੰ ਸਰਵੇਖਣ ਪੂਰਾ ਕਰਨ ਵਿੱਚ ਮਦਦ ਦੀ ਲੋੜ ਹੈ ਤਾਂ ਤੁਸੀਂ ਸਾਨੂੰ 01484 464212 ਤੇ ਕਾਲ ਕਰ ਸਕਦੇ ਹੋ।
- ਤੁਸੀਂ ਸਰਵੇਖਣ ਪੂਰਾ ਕਰਕੇ ਇਸ ਨੂੰ ਸਾਡੇ ਕੋਲ ਵਾਪਸ ਨਿਮਨਲਿਖਤ ਪਤੇ ਤੇ **ਮੁਫਤ** ਭੇਜ ਸਕਦੇ ਹੋ:

Freepost Plus

RTAA-XTHA-LGGC

Heron House

120 Grove Road

Fenton

Stoke on Trent

ST4 4LX

(ਸਾਡੇ ਕੋਲ ਸਰਵੇਖਣਾਂ ਦਾ ਵਿਸ਼ਲੇਸ਼ਣ ਕਰਨ ਲਈ ਇੱਕ ਸੁਤੰਤਰ ਸੰਸਥਾ ਹੈ)

ਕਿਰਪਾ ਕਰਕੇ ਸਰਵੇਖਣ ਨੂੰ ਪੂਰਾ ਕਰਕੇ ਸਾਡੇ ਕੋਲ ਨਿਮਨਲਿਖਤ ਤਾਰੀਖ ਤਕ ਵਾਪਸ ਭੇਜਣ ਨੂੰ ਯਕੀਨੀ ਬਣਾਓ:

**21 ਜੂਨ 2016 ਦੀ ਅੱਧੀ ਰਾਤ ਤਕ**

ਜੇ ਤੁਹਾਨੂੰ ਇਹ ਦਸਤਾਵੇਜ਼ ਕਿਸੇ ਹੋਰ ਭਾਸ਼ਾ ਜਾਂ ਸਰੂਪ ਵਿੱਚ ਚਾਹੀਦਾ ਹੈ ਜਿਵੇਂ ਕਿ ਵੱਡੇ ਪ੍ਰਿੰਟ ਜਾਂ ਆਡੀਓ ਵਿੱਚ, ਤਾਂ ਕਿਰਪਾ ਕਰਕੇ 01484 464212 ਤੇ ਕਾਲ ਕਰੋ ਜਾਂ rcrtrp.myview@nhs.net ਤੇ ਈਮੇਲ ਕਰੋ

If you need this document in another language or another format such as large print or audio please call 01484 464212 or email rcrtrp.myview@nhs.net

**Czech** Potřebujete-li tento dokument v jiném jazyce nebo v jiném formátu, jako je například velký tisk nebo audio, zavolejte nám na čísle 01484 464212 nebo rcrtrp.myview@nhs.net

**Hungarian** Tisztelt Olvasó!

Ha szüksége van erre a documentumra más nyelven, vagy más formátumban mint például nagybetűs írás, vagy Audio-vizuális, kérjük forduljon hozzánk telefonon: 01484 464212, vagy jelentkezzen email-en: rcrtrp.myview@nhs.net

Köszönjük

**Polish** Jeśli wymagasz tego dokumentu w innym języku innym lub formacie, np: z dużym drukiem lub audio prosimy o kontakt 01484 464212 lub rcrtrp.myview@nhs.net

**Urdu** یہ دستاویز اگر آپ کو کسی دیگر زبان یا دیگر فارمیٹ جیسے بڑے حروف کی چھپائی یا آڈیو پر درکار

ہو تو برائے مہربانی نمبر 01484 464212 یا ای میل rcrtrp.myview@nhs.net پررابطہ کریں ۔

**ਡੇਟਾ ਸੁਰੱਖਿਆ:** ਇਸ ਪ੍ਰਕਿਰਿਆ ਦੌਰਾਨ ਕੋਈ ਵੀ ਨਿੱਜੀ ਜਾਣਕਾਰੀ ਨੂੰ ਸਾਂਝਾ ਨਹੀਂ ਕੀਤਾ ਜਾਵੇਗਾ, ਅਸੀਂ ਡੇਟਾ ਸੁਰੱਖਿਆ ਦੇ ਨਿਯਮਾਂ ਅਨੁਸਾਰ ਕੰਮ ਕਰਾਂਗੇ। ਨਿੱਜੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

**ਇਸ ਦਸਤਾਵੇਜ਼ ਨੂੰ ਐਨਐਚਐਸ ਕੈਲਡੇਰੇਲ ਅਤੇ ਐਨਐਚਐਸ ਗ੍ਰੇਟਰ ਹਡਰਸਫੀਲਡ ਸੀਸੀਜੀ ਦੁਆਰਾ ਬਣਾਇਆ ਗਿਆ ਸੀ।**

**ਜ਼ਿਆਦਾ ਜਾਣਕਾਰੀ ਲਈ ਇੱਥੇ ਜਾਓ:** www.rightcaretimeplace.co.uk